ਯੂ.ਐੱਸ. ਡਿਪਾਰਟਮੈਂਟ ਆਫ ਜਸਟਿਸ

ਸਿਵਲ ਰਾਈਟਸ ਡਿਵੀਜ਼ਨ

ਐਜੂਕੇਸ਼ਨਲ ਅਪਰਚਿਊਨਟੀਜ਼ ਸੈਕਸ਼ਨ

ਐਜੂਕੇਸ਼ਨਲ ਅਪਰਚਿਊਨਟੀਜ਼ ਸੈਕਸ਼ਨ ਉਹਨਾਂ ਸੰਘੀ ਕਨੂੰਨਾਂ ਨੂੰ ਲਾਗੂ ਕਰਦਾ ਹੈ ਜੋ ਵਿਦਿਆਰਥੀਆਂ ਦੀ ਸਤਾਏ ਜਾਣ ਅਤੇ ਭੇਦਭਾਵ ਦੀਆਂ ਹੋਰ ਕਿਸਮਾਂ ਤੋਂ ਰੱਖਿਆ ਕਰਦੇ ਹਨ। ਇਹ ਸੈਕਸ਼ਨ 1964 ਦੇ ਸਿਵਲ ਅਧਿਕਾਰਾਂ ਲਈ ਕਨੂੰਨ ਦੇ ਸਿਰਲੇਖ IV ਦੀ ਤਾਮੀਲ ਕਰਵਾਉਣ ਲਈ ਜ਼ਿੰਮੇਵਾਰ ਹੈ, ਜੋ ਨਸਲ, ਰੰਗ, ਕੌਮੀ ਮੂਲ, ਲਿੰਗ, ਅਤੇ ਧਰਮ ਦੇ ਆਧਾਰ 'ਤੇ, ਜਨਤਕ ਸਕੂਲਾਂ ਅਤੇ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿੱਚ ਭੇਦਭਾਵ ਦੀ ਮਨਾਹੀ ਕਰਦਾ ਹੈ; ਈਕਵਿਲ ਐਜੂਕੇਸ਼ਨਲ ਅਪਰਚਿਊਨਟੀਜ਼ ਐਕਟ 1974 ਦੀ ਤਾਮੀਲ ਕਰਵਾਉਣ ਲਈ ਜ਼ਿੰਮੇਵਾਰ ਹੈ, ਜੋ ਹੋਰਨਾਂ ਚੀਜ਼ਾਂ ਤੋਂ ਇਲਾਵਾ, ਰਾਜਾਂ ਅਤੇ ਸਕੂਲੀ ਜਿਲ੍ਹਿਆਂ ਤੋਂ ਇਹ ਲੋੜਦਾ ਹੈ ਕਿ ਉਹ ਭਾਸ਼ਾਈ ਰੁਕਾਵਟਾਂ ਨੂੰ ਦੂਰ ਕਰਨ ਲਈ ਇੰਗਲਿਸ਼ ਲੈਂਗੂਏਜ ਲਰਨਰ (ELL) ਦੇ ਵਿਦਿਆਰਥੀਆਂ ਨੂੰ ਉਚਿਤ ਸੇਵਾਵਾਂ ਪ੍ਰਦਾਨ ਕਰਾਉਣ; ਅਤੇ ਇਹ ਅਮੈਰਿਕਨਜ਼ ਵਿਦ ਡਿਸਏਬਿਲਟੀਜ਼ ਐਕਟ ਦੀ ਤਾਮੀਲ ਕਰਾਉਣ ਲਈ ਵੀ ਜ਼ਿੰਮੇਵਾਰ ਹੈ। ਇਹ ਸੈਕਸ਼ਨ 1964 ਦੇ ਸਿਵਲ ਅਧਿਕਾਰਾਂ ਲਈ ਕਨੂੰਨ ਦੇ ਸਿਰਲੇਖ VI (ਸੰਘੀ ਫੰਡਾਂ ਦੇ ਪ੍ਰਾਪਤ ਕਰਤਾਵਾਂ ਦੁਆਰਾ ਨਸਲ, ਰੰਗ, ਅਤੇ ਕੌਮੀ ਮੂਲ ਦੇ ਆਧਾਰ 'ਤੇ ਭੇਦਭਾਵ ਦੀ ਮਨਾਹੀ ਕਰਨਾ), ਐਜੂਕੇਸ਼ਨਲ ਅਮੈਂਡਮੈਂਟਸ ਆਫ 1972 ਦੇ ਸਿਰਲੇਖ IX (ਸੰਘੀ ਫੰਡਾਂ ਦੇ ਪ੍ਰਾਪਤ ਕਰਤਾਵਾਂ ਦੁਆਰਾ ਲਿੰਗ ਦੇ ਆਧਾਰ 'ਤੇ ਭੇਦਭਾਵ ਦੀ ਮਨਾਹੀ ਕਰਨਾ), ਅਤੇ ਰੀਹੈਬਲੀਟੇਸ਼ਨ ਐਕਟ ਦੇ ਸੈਕਸ਼ਨ 504 (ਸੰਘੀ ਫੰਡਾਂ ਦੇ ਪ੍ਰਾਪਤ ਕਰਤਾਵਾਂ ਦੁਆਰਾ ਅਪੰਗਤਾ ਦੇ ਆਧਾਰ 'ਤੇ ਭੇਦਭਾਵ ਦੀ ਮਨਾਹੀ ਕਰਨਾ) ਦੀ ਤਾਮੀਲ ਕਰਵਾਉਣ ਵਿੱਚ ਵੀ ਅਹਿਮ ਭੂਮਿਕਾ ਅਦਾ ਕਰਦਾ ਹੈ। ਨਿਮਨਲਿਖਤ ਉਦਾਹਰਨਾਂ ਸਤਾਏ ਜਾਣ ਅਤੇ ਭੇਦਭਾਵ ਦੀਆਂ ਹੋਰ ਕਿਸਮਾਂ ਦੀਆਂ ਉਦਾਹਰਨਾਂ ਹਨ ਜੋ ਇਹਨਾਂ ਸੰਘੀ ਕਨੂੰਨਾਂ ਦਾ ਉਲੰਘਣ ਕਰ ਸਕਦੀਆਂ ਹਨ:

- ਏਸ਼ੀਆਈ-ਅਮਰੀਕਨ ਵਿਦਿਆਰਥੀਆਂ ਨੂੰ ਮਾਰਿਆ ਜਾਂਦਾ ਹੈ ਅਤੇ ਉਹਨਾਂ ਦੇ ਪੁੱਠੇ-ਸਿੱਧੇ ਨਾਮ ਲਏ ਜਾਂਦੇ ਹਨ ਜੇਕਰ ਉਹ ਆਪਣੇ ਹਾਈ ਸਕੂਲ ਵਿੱਚ ਕੁਝ ਵਿਸ਼ੇਸ਼ ਦਲਾਨਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਨ। ਆਪਣੀ ਜਮਾਤ ਦੇ ਕਮਰਿਆਂ ਵਿੱਚ ਜਾਣ ਲਈ ਉਹਨਾਂ ਨੂੰ ਇਮਾਰਤ ਦੇ ਚੁਫੇਰਿਓਂ ਘੁੰਮਕੇ ਜਾਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜਦ ਉਹ ਇਸ ਸਮੱਸਿਆ ਦੀ ਰਿਪੋਰਟ ਸਕੂਲ ਨੂੰ ਕਰਦੇ ਹਨ, ਤਾਂ ਉਹਨਾਂ ਨੂੰ ਅਜਿਹੇ ਦਲਾਨਾਂ ਤੋਂ ਗੁਰੇਜ਼ ਕਰਨ ਲਈ ਕਿਹਾ ਜਾਂਦਾ ਹੈ ਜਿੱਥੇ ਸਤਾਏ ਜਾਣ ਦੀ ਘਟਨਾ ਵਾਪਰੀ ਸੀ।

- ਬੰਗਲਾਦੇਸ਼ੀ ਉਚਾਰਨ, ਸੱਭਿਆਚਾਰ, ਅਤੇ ਧਾਰਮਿਕ ਪ੍ਰਥਾਵਾਂ ਦਾ ਮਜ਼ਾਕ ਉਡਾਉਂਦੇ ਹੋਏ, ਬੰਗਲਾਦੇਸ਼ੀ-ਅਮਰੀਕਨ ਵਿਦਿਆਰਥੀਆਂ 'ਤੇ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ। ਬੰਗਲਾਦੇਸ਼ੀ-ਅਮਰੀਕਨ ਅਤੇ ਅਪਰਾਧੀ ਵਿਦਿਆਰਥੀਆਂ ਵਿਚਕਾਰ ਲੜਾਈ ਹੋ ਜਾਂਦੀ ਹੈ। ਅਨੁਸ਼ਾਸ਼ਨੀ ਕਾਰਵਾਈ ਦੇ ਚਲਨ ਦੌਰਾਨ, ਨਿਸ਼ਾਨਾ ਬਣੇ ਵਿਦਿਆਰਥੀ ਰਿਪੋਰਟ ਕਰਦੇ ਹਨ ਕਿ ਸਾਰਾ ਸਕੂਲੀ ਵਰ੍ਹਾ ਉਹ ਸਤਾਏ ਜਾਣ ਬਾਬਤ ਸ਼ਿਕਾਇਤ ਕਰਦੇ ਆ ਰਹੇ ਹਨ। ਸਕੂਲ ਲੜਾਈ ਵਾਸਤੇ ਸਾਰੇ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੰਦਾ ਹੈ ਪਰ ਸਤਾਏ ਜਾਣ ਦੇ ਦੋਸ਼ਾਂ ਦੀ ਜਾਂਚ ਕਰਨ ਵਿੱਚ ਅਸਫਲ ਰਹਿੰਦਾ ਹੈ।

- ਇੱਕ ਹਾਈ ਸਕੂਲ ਪ੍ਰਿੰਸੀਪਾਲ ELL ਸੇਵਾਵਾਂ ਕੇਵਲ ਉਹਨਾਂ ELLs ਨੂੰ ਪ੍ਰਦਾਨ ਕਰਾਉਂਦਾ ਹੈ ਜੋ ਸਪੇਨਿਸ਼ ਬੋਲਦੇ ਹਨ। ਜਦ ਪੰਜਾਬੀ ਬੋਲਣ ਵਾਲੇ ਵਿਦਿਆਰਥੀ ਸੇਵਾਵਾਂ ਬਾਰੇ ਪੁੱਛਗਿੱਛ ਕਰਦੇ ਹਨ, ਤਾਂ ਉਹ ਉਹਨਾਂ ਨੂੰ ਕਹਿੰਦਾ ਹੈ ਕਿ ਉਹ ਮੁੱਖ-ਧਾਰਾ ਦੀਆਂ ਜਮਾਤਾਂ ਵਿੱਚ ਹੀ ਠੀਕ ਹਨ। ਉਹ ਉਹਨਾਂ ਨੂੰ ਕਹਿੰਦਾ ਹੈ ਕਿ ਵਿਦਿਆਰਥੀ ELL ਪ੍ਰੋਗਰਾਮ ਅਤੇ ਅਡਵਾਂਸਡ ਪਲੇਸਮੈਂਟ ਜਮਾਤਾਂ ਦੋਨਾਂ ਵਿੱਚ ਭਾਗ ਨਹੀਂ ਲੈ ਸਕਦੇ।

- ਇੱਕ ਮੁਸਲਿਮ ਵਿਦਿਆਰਥਣ ਸਕੂਲ ਵਿੱਚ ਆਪਣਾ ਹਿਜਾਬ ਪਾਕੇ ਆਉਂਦੀ ਹੈ। ਸਕੂਲੀ ਅਧਿਕਾਰੀ ਉਸਨੂੰ ਸੂਚਿਤ ਕਰਦੇ ਹਨ ਕਿ ਉਹ 'ਨੋ ਹੈਟਸ' ਨੀਤੀ ਕਰਕੇ ਹਿਜਾਬ ਨਹੀਂ ਪਾ ਸਕਦੀ, ਪਰ ਸਕੂਲ ਨੇ ਧਰਮ-ਨਿਰਪੱਖਤਾ ਦੇ ਮਕਸਦਾਂ ਵਾਸਤੇ ਹੋਰ ਅਪਵਾਦਾਂ ਨੂੰ ਆਗਿਆ ਦੇ ਰੱਖੀ ਹੈ। ਜਦ ਵਿਦਿਆਰਥਣ ਆਪਣਾ ਹਿਜਾਬ ਉਤਾਰਨ ਤੋਂ ਇਨਕਾਰ ਕਰ ਦਿੰਦੀ ਹੈ ਤਾਂ ਉਸਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ।

- ਐਲੀਮੈਂਟਰੀ ਸਕੂਲ ਦੇ ਇੱਕ ਸਿੱਖ ਵਿਦਿਆਰਥੀ ਨੂੰ "ਅੱਤਵਾਦੀ" ਅਤੇ "ਓਸਾਮਾ" ਕਿਹਾ ਜਾਂਦਾ ਹੈ ਅਤੇ ਉਸਨੂੰ ਆਪਣੇ ਦੇਸ਼ ਵਾਪਸ ਜਾਣ ਲਈ ਕਿਹਾ ਜਾਂਦਾ ਹੈ। ਜਦ ਕਲਾਸਰੂਮ ਦੇ ਅਧਿਆਪਕ ਸਤਾਏ ਜਾਣ ਦੀ ਇਸ ਘਟਨਾ ਨੂੰ ਸੁਣ ਲੈਂਦੇ ਹਨ ਤਾਂ ਉਹ ਸਿੱਖ ਵਿਦਿਆਰਥੀ ਨੂੰ ਤਬਦੀਲ ਕਰਕੇ ਜਮਾਤ ਦੇ ਮੂਹਰੇ ਬਿਠਾ ਦਿੰਦੇ ਹਨ ਤਾਂ ਜੋ ਉਹ 'ਉਸਤੇ ਨਜ਼ਰ ਰੱਖ ਸਕਣ"। ਸਤਾਏ ਜਾਣ ਨੂੰ ਸਮਾਪਤ ਕਰਨ ਅਤੇ ਸਕੂਲ ਦੇ ਮਾਹੌਲ ਨੂੰ ਠੀਕ ਕਰਨ ਲਈ ਕੋਈ ਹੋਰ ਕਾਰਵਾਈ ਨਹੀਂ ਕੀਤੀ ਜਾਂਦੀ।

- ਇੱਕ ਅਰਬੀ-ਬੋਲਣ ਵਾਲੇ ELL ਵਿਦਿਆਰਥੀ ਨੂੰ ਸਕੂਲ ਦੇ ਵਿਵਹਾਰ ਦੇ ਜ਼ਾਬਤੇ ਦੀ ਉਲੰਘਣਾ ਕਰਨ ਲਈ ਮੁਅੱਤਲ ਕਰ ਦਿੱਤਾ ਜਾਂਦਾ ਹੈ। ਸਕੂਲ ਵਿਦਿਆਰਥੀ ਦੇ ਮਾਪਿਆਂ ਨੂੰ ਯੋਗ ਪ੍ਰਕਿਰਿਆ ਦੀ ਸੁਣਵਾਈ ਦੇ ਵਿਸਥਾਰਾਂ ਸਮੇਤ ਮੁਅੱਤਲੀ ਨੋਟਿਸ ਅੰਗਰੇਜ਼ੀ ਵਿੱਚ ਭੇਜ ਦਿੰਦਾ ਹੈ, ਹਾਲਾਂਕਿ ਮਾਪਿਆਂ ਨੇ ਪਹਿਲਾਂ ਸਕੂਲ ਨੂੰ ਸੂਚਿਤ ਕੀਤਾ ਸੀ ਕਿ ਉਹ ਅਰਬੀ ਵਿੱਚ ਸੰਚਾਰ ਕਰਨ ਨੂੰ ਤਰਜੀਹ ਦਿੰਦੇ ਹਨ। ਜਦ ਮਾਪੇ ਸ਼ਿਕਾਇਤ ਕਰਦੇ ਹਨ, ਤਾਂ ਸਕੂਲ ਕਹਿੰਦਾ ਹੈ ਕਿ ਉਹਨਾਂ ਕੋਲ ਦਸਤਾਵੇਜ਼ਾਂ ਦਾ ਲਿਖਤੀ ਜਾਂ ਜ਼ੁਬਾਨੀ ਅਨੁਵਾਦ ਕਰਨ ਵਾਲੇ ਅਰਬੀ ਬੁਲਾਰੇ ਨਹੀਂ ਹਨ।

ਆਪਣੇ ਸਕੂਲ ਵਿੱਚ ਸਤਾਏ ਜਾਣ ਜਾਂ ਭੇਦਭਾਵ ਦੀਆਂ ਹੋਰ ਕਿਸਮਾਂ ਦੀ ਸ਼ਿਕਾਇਤ ਦਰਜ਼ ਕਰਵਾਉਣ ਲਈ, ਕਿਰਪਾ ਕਰਕੇ ਸੰਪਰਕ ਕਰੋ:

U.S. Department of Justice, Civil Rights Division
Educational Opportunities Section, PHB
950 Pennsylvania Avenue, NW
Washington, DC 20530

ਟੈਲੀਫ਼ੋਨ: (202) 514-4092 ਜਾਂ (877) 292-3804

ਈਮੇਲ: education@usdoj.gov

ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਸੈਕਸ਼ਨ ਦੀ ਵੈੱਬਸਾਈਟ www.justice.gov/crt/edo ਦੇਖੋ।